# ਕਲਾ ਦੇ ਝਰੋਖੇ ਤੋਂ

5

## ਗੁਰਸ਼ਰਨ ਸਿੰਘ

**ਨੁੱਕਰ ਨਾਟਕ 'ਕਾਕਿਆਂ ਨੂੰ ਨੱਥ ਪਾਓ'**

ਪੰਜਾਬ ਦੇ ਸਮਾਜਿਕ ਵਰਤਾਰੇ ਵਿਚ ਕਾਕਿਆਂ ਦੀ ਇਕ ਵਿਸ਼ੇਸ਼ ਸੰਸਥਾ ਹੈ। ਕਾਕੇ ਜਗੀਰਦਾਰਾਂ, ਧਨੀ ਕਿਸਾਨਾਂ, ਭ੍ਰਿਸ਼ਟ ਸਿਆਸਤਦਾਨਾਂ ਤੇ ਉਚ ਅਫਸਰ ਦੀ ਵਿਗੜੀ ਹੋਈ ਔਲਾਦ ਹਨ। ਪਹਿਲੇ ਸਮਿਆਂ ਵਿਚ ਕਾਕੇ ਪਿੰਡਾਂ ਦੀਆਂ ਕੰਮੀ ਕੁੜੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਸਨ। ਉਨ੍ਹਾਂ ਦੇ ਮਾਪੇ ਆਪਣੀ ਇਸ ਔਲਾਦ ਦੇ ਹਰ ਇਕ ਕੁਕਰਮ ਨੂੰ ਅੱਖੋਂ ਪਰੋਖੇ ਕਰ ਦਿੰਦੇ ਸਨ। ਇਹ ਕਹਿੰਦੇ ਸੁਣੇ ਜਾਂਦੇ ਸਨ ਕਿ ਕੋਈ ਗੱਲ ਨਹੀਂ ਇਹ ਹਾਲੇ ਮੁੰਡੇ ਖੁੰਡੇ ਨੇ, ਆਪੇ ਸਿਆਣੇ ਹੋ ਜਾਣਗੇ ਤੇ ਬਹੁਤ ਵਾਰ ਇਹ ਵੀ ਕਹਿੰਦੇ ਸੁਣੇ ਜਾਂਦੇ ਸਨ ਕਿ ਇਹ ਕੁੜੀਆਂ ਹੀ ਮੱਛਰੀਆਂ ਹੋਈਆਂ ਨੇ, ਮੁੰਡਿਆਂ ਨੂੰ ਸੱਦਾ ਦੇਂਦੀਆਂ ਨੇ, ਮੁੰਡੇ ਵਿਚਾਰੇ ਕੀ ਕਰਨ? ਪੰਜਾਬੀ ਸਾਹਿਤ ਵਿਚ ਬੇਅੰਤ ਕਹਾਣੀਆਂ, ਜਿਨ੍ਹਾਂ ਵਿਚੋਂ ਕਈ ਬੜੀਆਂ ਉਤਮ ਕਹਾਣੀਆਂ ਹਨ, ਇਸ ਵਿਸ਼ੇ 'ਤੇ ਲਿਖੀਆਂ ਗਈਆਂ ਹਨ।

1970-80 ਦੇ ਦਹਾਕੇ ਵਿਚ ਇਨ੍ਹਾਂ ਕਾਕਿਆਂ ਦੀ ਸੰਸਥਾ ਵਿਰੁੱਧ ਪੰਜਾਬ ਸਟੂਡੈਂਟਸ ਯੂਨੀਅਨ ਨੇ ਇਕ ਜਥੇਬੰਦਕ ਲੜਾਈ ਦਿੱਤੀ। ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੇ ਬੱਚੇ ਵੀ ਉਸ ਵੇਲੇ ਕਾਲਜਾਂ ਵਿਚ ਆਉਣ ਲਗ ਪਏ ਸਨ। ਉਨ੍ਹਾਂ ਨੇ ਇਕ ਜਮਾਤੀ ਸੰਘਰਸ਼ ਕੀਤਾ। ਪਿੰਡਾਂ ਵਿਚ ਦਲਿਤ ਵਰਗ ਦੀ ਵੀ ਜਾਗ੍ਰਿਤੀ ਹੋਈ ਜਿਸ ਕਰਕੇ ਕਾਕਿਆਂ ਦੀਆਂ ਸਰਗਰਮੀਆਂ ਨੂੰ ਪਿੰਡਾਂ ਵਿਚ ਠੱਲ੍ਹ ਪਈ। ਪੰਜਾਬ ਸਟੂਡੈਂਟਸ ਯੂਨੀਅਨ ਦੇ ਮਹਿਬੂਬ ਆਗੂ ਪ੍ਰਿਥੀਪਾਲ ਦਾ ਕਤਲ ਵੀ ਇਹਨਾਂ ਕਾਕਿਆਂ ਦੀ ਇਕ ਜੁੰਡਲੀ ਵਲੋਂ ਕੀਤਾ ਗਿਆ ਸੀ। ਉਨ੍ਹਾਂ ਦਿਨਾਂ ਵਿਚ ਮੇਰਾ ਲਿਖਿਆ ਹੋਇਆ ਨਾਟਕ 'ਪ੍ਰਿਥੀ ਤੇਰਾ ਕਾਜ ਅਧੂਰਾ' ਬੜਾ ਆਮ ਖੇਡਿਆ ਗਿਆ। ਜਿਸ ਦਾ ਮੁੱਖ ਨਾਅਰਾ ਸੀ 'ਕਾਕਿਆਂ ਨੂੰ ਨੱਥ ਪਾਓ'। ਇਸ ਨਾਟਕ ਵਿਚ ਕਾਕਿਆਂ ਦੀ ਅਯਾਸ਼ੀ ਕਾਲਜ ਸਕੂਲ ਜਾਂਦੀਆਂ ਕੁੜੀਆਂ ਨਾਲ ਛੇੜਖਾਨੀ ਆਦਿਕ ਦੇ ਦ੍ਰਿਸ਼ ਸ਼ਾਮਲ ਸਨ। ਨਾਟਕ ਦਾ ਸਿਖਰ ਸੀ ਕਿ ਚੇਤਨਾ ਵਰਗ ਦੇ ਵਿਦਿਆਰਥੀ ਇਕੋ ਰੱਸੇ ਨਾਲ ਇਨ੍ਹਾਂ ਕਾਕਿਆਂ ਨੂੰ ਨੂੜਦੇ ਹਨ।

ਇਹ ਕਾਕਿਆਂ ਦੀ ਸੰਸਥਾ ਹੁਣ ਵੱਡੇ ਸ਼ਹਿਰਾਂ ਅਤੇ ਖਾਸ ਕਰਕੇ ਚੰਡੀਗੜ੍ਹ ਵਿਚ ਬੜੀ ਸਰਗਰਮ ਹੈ। ਪੰਜਾਬ ਭਰ ਦਾ ਵਿਗੜਿਆ ਹੋਇਆ ਅੰਸ਼ ਅੱਜ ਕੱਲ੍ਹ ਚੰਡੀਗੜ੍ਹ ਇਕੱਠਾ ਹੋਇਆ ਹੈ। ਆਪਣੇ ਮਾਪਿਆਂ ਦੇ ਸਿਆਸੀ ਰਸੂਖ ਨੂੰ ਇਹ ਕਾਕੇ ਵਰਤਦੇ ਹਨ। ਇਨ੍ਹਾਂ ਨੂੰ ਸਕਿਉਰਟੀ ਗਾਰਦਾਂ ਵੀ ਮਿਲੀਆਂ ਹੋਈਆਂ ਹਨ। ਇਹ ਕਾਕੇ ਆਪ ਵੀ ਮੱਛਰੇ ਹੋਏ ਹਨ ਅਤੇ ਇਨ੍ਹਾਂ ਦੇ ਸਕਿਊਰਟੀ ਗਾਰਦ ਦੇ ਮੈਂਬਰ ਵੀ। ਸੈਕਟਰਾਂ ਦੀਆਂ ਕੋਠੀਆਂ ਅਤੇ ਹੋਟਲ ਹੁਣ ਇਨ੍ਹਾਂ ਦੇ ਅੱਡੇ ਹਨ। ਕਾਕਿਆਂ ਦੇ ਕੁਕਰਮ ਹੁਣ ਲੋਕਾਂ ਦੇ ਸਾਹਮਣੇ ਆ ਗਏ ਹਨ। ਇਨ੍ਹਾਂ ਨੂੰ ਕਿਸ ਤਰ੍ਹਾਂ ਠੱਲ੍ਹ ਪਾਈ ਜਾਂਦੀ ਹੈ, ਇਹ ਹੁਣ ਇਕ ਵੱਡੇ ਨਾਟਕ ਦਾ ਵਿਸ਼ਾ ਹੈ।

**ਇਕ ਵਿਸ਼ੇਸ਼ ਪ੍ਰਕਾਸ਼ਨ ਸੰਸਥਾ**

'ਕਾਲੀ ਫਾਰ ਵਿਮਨ ਪ੍ਰਕਾਸ਼ਨ' (ਔਰਤਾਂ ਦੇ ਹੱਕ ਲਈ ਕਾਲੀ ਮਾਤਾ ਦੇ ਨਾਂ 'ਤੇ) ਦਿੱਲੀ ਵਿਚ ਇਕ ਪ੍ਰਕਾਸ਼ਨ ਸੰਸਥਾ ਦਾ ਨਾਂ ਹੈ, ਜਿਹੜੀ ਤੀਸਰੀ ਦੁਨੀਆਂ ਦੀਆਂ ਔਰਤਾਂ ਦੇ ਹੱਕ ਬਾਰੇ ਲਿਖਤਾਂ ਨੂੰ ਪ੍ਰਕਾਸ਼ਤ ਕਰਦੀ ਹੈ। ਇਹ ਇਕ ਟਰਸਟ ਦੇ ਰੂਪ ਵਿਚ ਕੰਮ ਕਰਦੀ ਹੈ। ਇਸ ਦਾ ਉਦੇਸ਼ ਹੈ ਕਿ ਇਹ ਤੀਸਰੀ ਦੁਨੀਆਂ ਦੀਆਂ ਔਰਤਾਂ ਦੀਆਂ ਸੰਵੇਦਨਸ਼ੀਲ ਲਿਖਤਾਂ ਨੂੰ ਇਕੱਠਿਆਂ ਕਰੇ ਤੇ ਉਨ੍ਹਾਂ ਨੂੰ ਛਾਪ ਕੇ ਵਾਜਬ ਕੀਮਤ ਤੇ ਲੋਕਾਂ ਤਕ ਪੁਚਾਵੇ। ਔਰਤਾਂ ਦੇ ਹੱਕ ਵਿਚ ਚਲਦੀਆਂ ਸੰਸਾਰ ਭਰ ਦੀਆਂ ਲਹਿਰਾਂ ਦਾ ਵਿਗਿਆਨਕ ਮੁਲੰਕਣ ਕਰਨਾ ਵੀ ਇਸ ਪ੍ਰਕਾਸ਼ਨ ਸੰਸਥਾ ਦਾ ਇਕ ਨਿਸ਼ਾਨਾ ਹੈ। ਬੜੀਆਂ ਹੀ ਮਹੱਤਵਪੂਰਨ ਕਿਤਾਬਾਂ ਇਸ ਸੰਸਥਾ ਵਲੋਂ ਛਾਪੀਆਂ ਗਈਆਂ ਹਨ। ਜਿਨ੍ਹਾਂ ਦੇ ਟਾਈਟਲ ਆਪਣੇ ਆਪ ਇਨ੍ਹਾਂ ਕਿਤਾਬਾਂ ਦੀ ਸਾਰਥਕਤਾ ਦਾ ਪ੍ਰਮਾਣ ਹਨ। ਔਰਤਾਂ ਦੀ ਲਹਿਰ ਅੱਗੇ ਕੁਝ ਸਵਾਲ, ਕੱਥਰੀਨ ਮੇਓ ਦੇ ਲੇਖਾਂ ਦੀ ਸਚਾਈ, ਜ਼ਿੰਦਗੀ ਦੀ ਸਲੇਟ-ਔਰਤਾਂ ਬਾਰੇ ਚੋਣਵੀਆਂ ਕਹਾਣੀਆਂ, ਹਿੰਦੀ ਕਹਾਣੀਆਂ, ਬੰਗਲਾ ਦੇਸ਼, ਪਾਕਿਸਤਾਨ, ਲੰਕਾਂ ਦੀਆਂ ਚੋਣਵੀਆਂ ਕਹਾਣੀਆਂ, ਇਸਮਤ ਚੁਗਤਾਈ ਦੀਆਂ ਕਹਾਣੀਆਂ ਅਤੇ ਨਾਵਲ, ਲੈਟਿਨ ਅਮਰੀਕਾ ਦੀਆਂ ਚੋਣਵੀਆਂ ਕਹਾਣੀਆਂ, ਔਰਤਾਂ ਬਾਰੇ ਨੁੱਕਰ ਨਾਟਕ, ਪਿਤਾ ਪੁਰਖੀ ਕਿਉਂ, ਮਾਂ ਪੁਰਖੀ ਕਿਉਂ ਨਹੀਂ? ਆਦਿਕ ਇਸ ਪ੍ਰਕਾਸ਼ਨ ਦੀਆਂ ਪੰਜਾਹ ਦੇ ਕਰੀਬ ਪ੍ਰਕਾਸ਼ਨਾਂ ਵਿਚ ਕੁਝ ਮਿਸਾਲਾਂ ਹਨ। ਕੈਥਰੀਨ ਮੇਓ ਦੇ ਲੇਖਾਂ ਦੀ ਕਿਤਾਬ ਜਦੋਂ 1929 ਵਿਚ ਬਾਹਰ ਆਈ ਸੀ ਤਾਂ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਇਹ ਭਾਰਤ ਦੇ ਲੋਕਾਂ ਨੂੰ ਜ਼ਲੀਲ ਕਰਨ ਦੀ ਇਕ ਸਾਜ਼ਿਸ਼ ਹੈ। ਇਹ ਦੇ ਉਤਰ ਵਿਚ ਬਹੁਤ ਸਾਰੀਆਂ ਲਿਖਤਾਂ ਲਿਖੀਆਂ ਗਈਆਂ, ਜੋ ਪੱਛਮੀ ਸਭਿਆਚਾਰਕ ਕਦਰਾਂ ਕੀਮਤਾਂ ਉਤੇ ਹਮਲਾ ਸੀ। ਪਰ ਹੁਣ ਕਾਲੀ ਪ੍ਰਕਾਸ਼ਨੀਨੇ ਆਪਣੀ ਕਿਤਾਬ ਵਿਚ ਇਹ ਸਾਬਤ ਕੀਤਾ ਹੈ ਕਿ ਕੈਥਰੀਨ ਮੇਓ ਨੇ ਹਿੰਦੂ ਸਮਾਜ ਵਿਚ ਔਰਤਾਂ ਦੀ ਹਾਲਤ ਬਾਰੇ ਜੋ ਗੱਲਾਂ ਕਹੀਆਂ ਸਨ ਉਨ੍ਹਾਂ ਵਿਚ ਬਹੁਤ ਸੱਚ ਸੀ। ਕੌੜੇ ਸੱਚ ਨੂੰ ਮੰਨ ਕੇ ਹੀ ਅਸੀਂ ਸਮਾਜ ਵਿਚ ਕੁਝ ਸੁਧਾਰ ਲਿਆ ਸਕਦੇ ਹਾਂ। ਕਮਲਾ ਭਸੀਨ ਇਸ ਪ੍ਰਕਾਸ਼ਨ ਦੀ ਰੂਹੇਰਵਾਂ ਹੈ। ਵਾਲੰਟੀਅਰ ਸੰਸਥਾਵਾਂ ਕਿਸ ਤਰ੍ਹਾਂ ਚੰਗਾ ਕਰ ਸਕਦੀਆਂ ਹਨ, ਇਹ ਪ੍ਰਕਾਸ਼ਨ ਸੰਸਥਾ ਇਹ ਦੀ ਇਕ ਰੌਸ਼ਨ ਮਿਸਾਲ ਹੈ।

**ਹਿੰਦੀ ਤੇ ਪੰਜਾਬੀ ਲੇਖਕਾਂ ਵਿਚ ਕੋਈ ਲਕੀਰ ਨਹੀਂ**

ਸਿਆਸਤ ਕਈ ਬੜੇ ਖਤਰਨਾਕ ਰੁਝਾਨ ਪੈਦਾ ਕਰ ਦਿੰਦੀ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਵਿਚ ਜਿਹੜਾ ਇਕ ਖਤਰਨਾਕ ਰੁਝਾਨ ਆਇਆ ਉਹ ਹਿੰਦੀ ਤੇ ਪੰਜਾਬੀ ਦਰਮਿਆਨ ਖਾਮਖਾਹ ਲਕੀਰ ਖਿੱਚਣ ਦਾ ਸੀ। ਨਤੀਜਾ ਇਹ ਹੋਇਆ ਕਿ ਪੰਜਾਬ ਦੀ ਹਿੰਦੂ ਵਸੋਂ ਨੇ ਪੰਜਾਬੀ ਨੂੰ ਨਾ ਅਪਣਾਇਆ ਤੇ ਸਿੱਖ ਵਸੋਂ ਨੇ ਹਿੰਦੀ ਨੂੰ ਨਾ ਅਪਣਾਇਆ। ਇਹਦਾ ਇਕ ਨੁਕਸਾਨ ਇਹ ਹੋਇਆ ਕਿ ਭਾਰਤ ਦਾ ਸਮੁੱਚਾ ਸਾਹਿਤ ਜੋ ਬਹੁਤਾ ਹਿੰਦੀ ਵਿਚ ਮਿਲਦਾ ਹੈ, ਉਹ ਪੰਜਾਬ ਦੇ ਇਕ ਫਿਰਕੇ ਤਕ ਨਾ ਪੁੱਜ ਸਕਿਆ। ਇਸੇ ਤਰ੍ਹਾਂ ਪੰਜਾਬੀ ਦਾ ਬਹੁਤ ਸਾਰਾ ਚੰਗਾ ਸਾਹਿਤ ਬਾਕੀ ਭਾਰਤ ਵਿਚ ਨਾ ਪੁੱਜ ਸਕਿਆ। ਲੇਖਕ ਵਰਗ ਇਸ ਬਾਰੇ ਹੁਣ ਚੇਤਨ ਹੋ ਰਿਹਾ ਹੈ। ਸਮਾਜ ਦੇ ਸਮੁੱਚੇ ਵਰਤਾਰੇ ਵਿਚ ਲੇਖਕ ਦਖਲਅੰਦਾਜ਼ੀ ਕਰਨ, ਇਹ ਸਮੇਂ ਦੀ ਲੋੜ ਹੈ।...

## ਕਾਵਿ ਵਿਅੰਗ

### ਸੱਚੇ ਸਿੱਖ

ਬਣੀਏ ਨਾਨਕ ਦੇ ਕਦੀ ਜੇ ਸਿੱਖ ਸੱਚੇ
ਤਾਂ ਫਿਰ ਸਾਡੇ ਵਿਚ ਕਦੀ ਨਾ ਫਿੱਕ ਹੋਵੇ।
ਫੁੱਟ ਚੰਦਰੀ ਕਦੀ ਨਾ ਆਏ ਨੇੜੇ
ਜੇਕਰ ਦਿਲਾਂ ਵਿਚ ਕੌਮ ਦੀ ਸਿੱਕ ਹੋਵੇ।
ਝੂਠਾ ਆਪਣਾ ਆਪ ਭੁਲਾ ਕੇ ਤੇ
ਸਾਥੋਂ ਕੌਮ ਲਈ ਕਿਤੇ ਜੇ ਵਿਕ ਹੋਵੇ।
ਇਕੋ ਦਲ ਸ਼੍ਰੋਮਣੀ ਹੋਏ ਸਾਡਾ
ਤੇ ਸਾਡੀ ਕੌਮ ਸਾਰੀ ਇੱਕਮਿੱਕ ਹੋਵੇ।
ਪਰ ਕਦੀ ਸ਼ੁੱਕਰ ਸ਼ਨਿਚਰ ਨਾ ਹੋਏ ਕੱਠੇ
ਤੇ ਟੱਕਰਾਂ ਆਪੋ ਵਿਚ ਰਹੀਆਂ ਭਾਰੀਆਂ ਨੇ।
ਫੱਟ ਫੁੱਟਾਂ ਦੇ ਕੋਈ ਨਾ ਮੇਲ ਸਕਿਆ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਸ਼ਮਸ਼ੇਰ ਸਿੰਘ ਸ਼ੇਰ

25.9.94